# ਕਲਾ ਦੇ ਝਰੋਖੇ ਤੋਂ

7.7.96

## ਗੁਰਸ਼ਰਨ ਸਿੰਘ

**ਬੈਂਡਿਟ ਕੁਈਨ:** ਬੈਂਡਿਟ ਕੁਈਨ ਦੀ ਫੇਰ ਗੱਲ ਕਰਨੀ ਬਣਦੀ ਹੈ। ਇਸ ਵਾਰ ਇਹ ਡਾ. ਗੁਰਮਿੰਦਰ ਸਿੱਧੂ ਦੀ ਇਸੇ ਨਾਂ ਦੀ ਇਕ ਨਜ਼ਮ ਦੇ ਸੰਦਰਭ ਵਿਚ ਹੈ। ਫੂਲਨ ਦੇਵੀ ਔਰਤ ਦੀ ਬਗਾਵਤ ਦੀ ਪ੍ਰਤੀਕ ਵੀ ਅਤੇ ਨਾਇਕਾ ਵੀ ਸਥਾਪਤ ਹੋ ਚੁੱਕੀ ਹੈ। ਆਪਣੀ ਨਜ਼ਮ ਵਿਚ ਡਾ. ਗੁਰਮਿੰਦਰ ਜਿਥੇ ਪਹਿਲੇ ਭਾਗ ਵਿਚ ਉਸ ਅਹਿਸਾਸ ਨੂੰ ਸ਼ਿੱਦਤ ਨਾਲ ਪੇਸ਼ ਕਰਦੀ ਹੈ ਜਦੋਂ ਉਹ ਅਤੇ ਸਮੁੱਚੀ ਔਰਤ ਜਾਤ ਲੀਰੋ-ਲੀਰ ਕੀਤੀ ਗਈ। ਦੂਜੇ ਭਾਗ ਵਿਚ ਉਹ ਫੇਰ ਬੈਂਡਿਟ ਕੁਈਨ ਨੂੰ ਸੰਬੋਧਨ ਹੁੰਦੀ ਹੈ:

ਤੇਰਾ ਨਾਮ ਫੂਲਨ ਵੀ ਹੋ ਸਕਦੈ
ਸੀਮਾ ਬਿਸਵਾਸ ਵੀ
ਤੇ ਕੋਈ ਹੋਰ ਵੀ
ਪਰ ਯਾਦ ਰੱਖੀਂ
ਅਲਫ਼ ਨੰਗੀ
ਖੂਹ ਤੋਂ ਪਾਣੀ ਭਰਨ ਲਈ
ਤੂੰ ਇਕੱਲੀ ਨਹੀਂ ਤੁਰੀ
ਤੇਰੇ ਨਾਲ ਹਰ ਔਰਤ ਤੁਰੀ ਹੈ
ਤੇ ਸ਼ਾਇਦ ਸੱਚਾ-ਸੁੱਚਾ ਕੋਈ ਮਰਦ ਵੀ
ਤੂੰ ਦ੍ਰੋਪਦੀ ਤੋਂ ਫੂਲਨ ਤਕ ਦਾ ਸਫਰ ਤੈਅ ਕੀਤਾ ਹੈ
ਜੇ ਕੋਈ ਕ੍ਰਿਸ਼ਨ ਹੈ ਤਾਂ ਮੈਨੂੰ ਦੱਸੇ
ਇਹ ਗਮ ਹੁਣ ਕਿਹੜੇ 'ਨਾਮ' ਤਕ ਜਾਂਦਾ ਹੈ
ਚੰਗਾ ਕੀਤਾ ਈ
ਤੂੰ ਕਿਸੇ ਫਰਿਸ਼ਤੇ ਦਾ ਇੰਤਜ਼ਾਰ ਨਹੀਂ ਕੀਤਾ
ਤੇ ਖੁਦ ਆਪਣੇ ਜ਼ਖਮੀ ਹੱਥਾਂ ਨਾਲ
ਸਮਾਜ ਦੇ ਕਾਲੇ ਮੂੰਹ ਉਤੇ
ਆਪਣੇ ਪੰਜੇ ਦਾ ਨਿਸ਼ਾਨ ਛਾਪਿਆ ਹੈ
ਆਪਣੀ ਪਾਟੀ ਹੋਈ ਚੁੰਨੀ ਨੂੰ ਝੰਡਾ ਬਣਾ ਕੇ
ਆਪਣੇ ਕੱਟੇ ਗਏ ਬੰਦ ਬੰਦ ਦਾ ਹਿਸਾਬ ਲੈਣ ਵਾਲੀਏ
ਵਕਤ ਦੀਏ ਮਹਾਰਾਣੀਏ
ਤੂੰ ਜਿਥੇ ਵੀ ਹੈਂ, ਜੋ ਕੋਈ ਵੀ ਹੈਂ
ਮੈਂ ਆਪਣੇ ਖਿਲਰੇ ਚੀਥੜੇ ਚੁਗਦੀ ਹੋਈ
ਅੱਜ ਸੱਤ ਸਲਾਮ ਭੇਜਦੀ ਹਾਂ
ਤੇਰੀ 'ਮੈਂ' ਦੇ ਨਾਮ ਭੇਜਦੀ ਹਾਂ

ਗੁਰਮਿੰਦਰ ਸਿੱਧੂ ਇਸ ਨਜ਼ਮ ਲਈ ਸਾਡੀ ਸਲਾਮ ਦੀ ਹੱਕਦਾਰ ਬਣਦੀ ਹੈ।

**ਬੱਚਿਆਂ ਦਾ ਥੀਏਟਰ:** ਗਰਮੀਆਂ ਦੀਆਂ ਛੁੱਟੀਆਂ ਵਿਚ ਬੱਚੇ ਪੜ੍ਹਾਈ ਦੇ ਫਿਕਰ ਤੋਂ ਕੁਝ ਹੱਦ ਤਕ ਸੁਰਖਰੂ ਹੁੰਦੇ ਹਨ। ਇਨ੍ਹਾਂ ਦਿਨਾਂ ਵਿਚ ਉਹ ਆਪਣੇ ਸ਼ੌਕ ਪੂਰਾ ਕਰਨ ਵੱਲ ਸਮਾਂ ਦੇ ਸਕਦੇ ਹਨ। ਚੰਡੀਗੜ੍ਹ ਦੇ ਬੱਚਿਆਂ ਲਈ ਕਈ ਅਦਾਰਿਆਂ ਵਲੋਂ ਥੀਏਟਰ ਵਰਕਸ਼ਾਪਾਂ ਲਗਾਈਆਂ ਜਾਂਦੀਆਂ ਹਨ। ਬੱਚੇ ਚੰਗੇ ਨਿਰਦੇਸ਼ਕਾਂ ਥੱਲੇ ਨਾਟਕ ਤਿਆਰ ਕਰਦੇ ਹਨ। ਥੀਏਟਰ ਅਤੇ ਥੀਏਟਰ ਚੇਤਨਾ ਦੇ ਵਿਕਾਸ ਵਿਚ ਇਹ ਵਰਕਸ਼ਾਪਾਂ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਦੋ ਦਾ ਜ਼ਿਕਰ ਇਥੇ ਖਾਸ ਤੌਰ 'ਤੇ ਕੀਤਾ ਜਾ ਰਿਹਾ ਹੈ।

ਇਸ ਸਾਲ ਕਰਿਡ ਸੰਸਥਾ ਵਿਚ ਗੁਰਚਰਨ ਚੰਨੀ ਦੀ ਨਿਗਰਾਨੀ ਵਿਚ ਮੁੰਨਾ ਧੀਮਨ ਨੇ ਬੱਚਿਆਂ ਕੋਲੋਂ ਇਕ ਵਿਸ਼ੇਸ਼ ਸ਼ੈਲੀ ਵਿਚ ਨਾਟਕ ਤਿਆਰ ਕਰਵਾਇਆ। ਨਿਸ਼ਾਨਾ ਸੀ ਕਿ ਬੱਚੇ ਆਪ ਹੀ ਕਹਾਣੀ ਬਣਾਉਣ, ਆਪ ਹੀ ਵਾਰਤਾਲਾਪ ਲਿਖਣ ਤੇ ਆਪ ਹੀ ਨਾਟਕ ਕਰਨ। ਬੱਚਿਆਂ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਪੂਰੀ ਤਰ੍ਹਾਂ ਉਤਸ਼ਾਹਤ ਕੀਤਾ ਜਾਏ। ਇਸ ਵਿਧਾ ਨੇ ਪੂਰੀ ਸਫਲਤਾ ਹਾਸਲ ਕੀਤੀ ਅਤੇ ਇਕ ਚੰਗੇ ਨਾਟਕ ਦਾ ਨਿਰਮਾਣ ਹੋਇਆ।

ਪ੍ਰਾਚੀਨ ਕਲਾ ਕੇਂਦਰ ਦੀ ਥੀਏਟਰ ਵਰਕਸ਼ਾਪ ਵਿਚ ਸੌ ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਰਬਿੰਦਰ ਹੈਪੀ ਦੀ ਅਗਵਾਈ ਵਿਚ ਸੁਮੀਤ ਅਤੇ ਸੁਰਜੀਤ, ਮਨੀਸ਼ਾ ਮਹਾਜਨ, ਰਾਜੇਸ਼ ਰਾਜਪਾਲ ਅਤੇ ਨਿਪੀ ਜੈਨ ਨੇ ਬੱਚਿਆਂ ਕੋਲੋਂ ਚਾਰ ਨਾਟਕ ਤਿਆਰ ਕਰਵਾਏ। ਇਹ ਵਰਕਸ਼ਾਪ ਇਕ ਮਹੀਨਾ ਚਲੀ। ਨਾਟਕਾਂ ਵਿਚ ਬੱਚਿਆਂ ਦੀ ਨਾਟਕ ਪ੍ਰਤਿਭਾ ਪੂਰੀ ਤਰ੍ਹਾਂ ਉਭਰ ਕੇ ਬਾਹਰ ਆਈ। ਬੱਚਿਆਂ ਨੇ ਪੂਰੇ ਚਾਅ ਅਤੇ ਉਤਸ਼ਾਹ ਨਾਲ ਨਾਟਕ ਪੇਸ਼ ਕੀਤੇ।

ਚੰਡੀਗੜ੍ਹ ਵਿਚ ਇਹ ਸਾਰੀਆਂ ਸਹੂਲਤਾਂ ਹਨ। ਲੋੜ ਹੈ ਕਿ ਹੋਰ ਥਾਵਾਂ 'ਤੇ ਇਹੋ ਜਿਹਾ ਕੰਮ ਹੋਵੇ। ਬਠਿੰਡਾ ਵਿਚ ਟੋਨੀ ਬਾਤਿਸ਼ ਇਹ ਕੰਮ ਬਾਕਾਇਦਗੀ ਨਾਲ ਕਰ ਰਿਹਾ ਹੈ। 1994 ਵਿਚ ਚੰਡੀਗੜ੍ਹ ਦੇ ਕਲਾ ਭਵਨ ਵਿਚ ਇਕ ਬਹੁਤ ਹੀ ਕਾਮਯਾਬ ਵਰਕਸ਼ਾਪ ਲਗਾਈ ਗਈ ਸੀ। ਪੰਜਾਬ ਭਰ ਤੋਂ 40 ਬੱਚਿਆਂ ਨੇ ਇਹਦੇ ਵਿਚ ਭਾਗ ਲਿਆ ਸੀ। ਪਲਸ ਮੰਚ ਨੇ ਪ੍ਰਬੰਧ ਅਤੇ ਖਰਚ ਦੀ ਜ਼ਿੰਮੇਵਾਰੀ ਨਿਭਾਈ ਸੀ। ਪੰਜਾਬ ਸੰਗੀਤ ਨਾਟਕ ਅਕਾਦਮੀ ਨੇ ਸਹਿਯੋਗ ਦਿੱਤਾ ਸੀ।

ਬੱਚਿਆਂ ਦੇ ਥੀਏਟਰ ਦੇ ਵਿਕਾਸ ਲਈ ਸਕੂਲ ਸਿੱਖਿਆ ਬੋਰਡ, ਨਾਰਥ ਜ਼ੋਨ ਕਲਚਰਲ ਸੈਂਟਰ, ਸਭਿਆਚਾਰਕ ਮਾਮਲੇ ਵਿਭਾਗ ਅਤੇ ਪੰਜਾਬ ਸੰਗੀਤ ਨਾਟਕ ਅਕਾਦਮੀ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਨੂੰ ਇਹ ਭੂਮਿਕਾ ਨਿਭਾਉਣੀ ਚਾਹੀਦੀ ਹੈ।

7-7-1996